# ਵਿਦੇਸ਼ਾਂ ਚੋਂ ਆਕੇ ਗ੍ਰੇਟ ਬ੍ਰਿਟੇਨ ਵਿੱਚ ਕੰਮ ਕਰਦਿਆਂ

ਸਿਹਤ ਅਤੇ ਸੁਰੱਖਿਆ ਅਹੁਦੇਦਾਰ (HSE) ਤੇ ਸਥਾਨਕ ਅਥਾਰਿਟੀਆਂ ਗ੍ਰੇਟ ਬ੍ਰਿਟੇਨ (GB) ਵਿੱਚ ਸਿਹਤ ਅਤੇ ਹਿਫਾਜ਼ਤ ਦੇ ਕਾਨੂੰਨਾਂ ਦਾ ਧਿਆਨ ਰੱਖਣ ਲਈ ਜ਼ਿੰਮੇਵਾਰ ਹਨ। ਕਾਨੂੰਨ ਵਿਦੇਸ਼ਾਂ ਚੋਂ ਆਏ ਕਾਮਿਆਂ ਦੀ ਰੱਖਿਆ ਕਰਦਾ ਹੈ ਭਾਵੇਂ ਉਹ ਇੱਥੇ ਕਾਨੂੰਨੀ ਢੰਗ ਨਾਲ ਆਕੇ ਕੰਮ ਕਰ ਰਹੇ ਹੋਣ ਜਾਂ ਗੈਰ ਕਾਨੂੰਨੀ ਢੰਗ ਨਾਲ।

ਇਹ ਵੈੱਬਸਾਈਟ ਵਿਦੇਸ਼ਾਂ ਚੋਂ ਆਏ ਕਾਮੇ ਅਤੇ ਉਨ੍ਹਾਂ ਦੇ ਮਾਲਕਾਂ ਦੀ, ਬ੍ਰਿਟਿਸ਼ ਸਿਹਤ ਅਤੇ ਸੁਰੱਖਿਆ ਕਾਨੂੰਨ (British health and safety law) ਅਧੀਨ ਉਨ੍ਹਾਂ ਦੇ ਕਰਤੱਵ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਉਨ੍ਹਾਂ ਦੀ ਮਦਦ ਕਰਦੀ ਹੈ।

ਜੇ ਤੁਸੀਂ ਵਿਦੇਸ਼ਾਂ ਤੋਂ ਆਕੇ ਇੱਥੇ ਕੰਮ ਕਰ ਰਹੇ ਹੋ ਤਾਂ ਇਹ ਵੈੱਬਸਾਈਟ ਤੁਹਾਡੀ ਮਦਦ ਕਰੇਗੀ:

- ਸਿਹਤ ਅਤੇ ਸੁਰੱਖਿਆ ਕਾਨੂੰਨ ਦੇ ਅਧੀਨ ਆਪਣੇ ਹੱਕ ਅਤੇ ਜ਼ਿੰਮੇਵਾਰੀਆਂ ਬਾਰੇ ਵੇਖੋ; ਅਤੇ
- ਆਪਣੇ ਮੁਢਲੇ ਹੱਕ ਅਤੇ ਕੰਮ ਕਰਨ ਦੇ ਤੌਰ ਤਰੀਕੇ ਜਿਵੇਂ ਕਿ ਕੰਮ ਕਰਨ ਦੇ ਘੰਟੇ, ਆਰਾਮ ਲਈ ਛੁੱਟੀ ਅਤੇ ਛੁੱਟੀ ਦਾ ਸਮਾਂ ਸਹਿਤ ਸਿਹਤ ਅਤੇ ਸੁਰੱਖਿਆ ਬਾਰੇ ਜਾਣਕਾਰੀ ਪ੍ਰਾਪਤ ਕਰੋ

ਜੇਕਰ ਤੁਸੀਂ ਮਾਲਕ ਹੋ ਤਾਂ ਇਹ ਵੈੱਬਸਾਈਟ ਹੇਠ ਲਿਖਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ:

- ਕੱਚੇ ਤੇ ਵਿਦੇਸ਼ੀ ਕਾਮਿਆਂ ਨੂੰ ਨੌਕਰੀ ਦਿੰਦੇ ਹੋਏ ਤੁਸੀਂ ਚੰਗੇ ਤੌਰ ਤਰੀਕੇ ਅਪਨਾਓ; ਅਤੇ
- ਉਨ੍ਹਾਂ ਲਈ ਤੁਹਾਡੀਆਂ ਕਾਨੂੰਨੀ ਜ਼ਿੰਮੇਵਾਰੀਆਂ।

## ਹੋਰ ਭਾਸ਼ਾਵਾਂ

ਇਹ ਸਾਈਟ ਦੇ ਕੁਝ ਹਿੱਸੇ ਦੂਜੀਆਂ ਭਾਸ਼ਾਵਾਂ ਵਿੱਚ ਵੀ ਉਪਲਬਧ ਹਨ। ਕਿਰਪਾ ਕਰਕੇ ਆਪਣੀ ਤਰਜੀਹੀ ਭਾਸ਼ਾ ਦੀ ਚੋਣ ਕਰੋ

- ਪੋਲਿਸ਼
- ਲਿਥੁਆਨਿਅਨ
- ਸਲੋਵਾਕ
- ਪੁਰਤਗਾਲੀ
- ਰੂਸੀ
- ਇਸਤੋਨਿਅਨ
- ਬਲਗੇਰਿਅਨ
- ਰੋਮਾਨਿਅਨ
- ਹੰਗੇਰਿਅਨ
- ਚੈਕ
- ਯੁਕਰੇਨਿਅਨ
- ਲੇਤਵਿਅਨ
- ਚੀਨੀ

- ਪਰਵਾਸੀ ਕਾਮਿਆਂ ਦੇ ਘਰ
- ਇਸ ਸਾਈਟ ਬਾਰੇ
- ਕਾਮਿਆਂ ਲਈ ਸਲਾਹ
  - ਕਾਮਿਆਂ ਲਈ ਵਧੇਰੀ ਮਦਦ
  - ਕਾਮਿਆਂ ਲਈ ਉਪਯੋਗੀ ਸੰਪਰਕ
- ਆਮ ਤੌਰ ਤੇ ਪੁੱਛੇ ਜਾਣ ਵਾਲੇ ਸਵਾਲ

### *ਇਸ ਵੈੱਬਸਾਈਟ ਬਾਰੇ*

HSE ਦੀ ਪਰਵਾਸੀ ਕਾਮਿਆਂ ਲਈ ਵੈੱਬਸਾਈਟ ਕਾਮਿਆਂ ਅਤੇ ਉਨ੍ਹਾਂ ਦੇ ਮਾਲਕਾਂ ਨੂੰ ਜ਼ਰੂਰੀ ਜਾਣਕਾਰੀ, ਸੇਧਾਂ ਅਤੇ ਕੰਮ ਕਰਨ ਦੀ ਥਾਂ ਤੇ ਸਿਹਤ ਅਤੇ ਸੁਰੱਖਿਆ ਬਾਰੇ ਸਲਾਹ ਦੇਣ ਵਾਸਤੇ ਬਣਾਈ ਗਈ ਹੈ।

ਸਰਕਾਰ ਵਿਦੇਸ਼ਾਂ ਚੋਂ ਆਏ ਕਾਮਿਆਂ ਨਾਲ ਸੰਭਾਵੀ ਗਲਤ ਵਿਵਹਾਰ ਅਤੇ ਸ਼ੋਸ਼ਣ ਬਾਰੇ ਚਿੰਤਿਤ ਹੈ। HSC ਅਤੇ HSE ਕਾਮਿਆਂ ਦੀ ਸਿਹਤ ਅਤੇ ਸੁਰੱਖਿਆ ਵਿੱਚ ਸੁਧਾਰ ਲਈ ਵਚਨਬਧ ਹੈ, ਭਾਵੇਂ ਤੁਹਾਡੀ ਰੋਜ਼ਗਾਰ ਅਤੇ ਪਰਵਾਸੀ ਸਥਿਤੀ ਕੁਝ ਵੀ ਹੋਵੇ।

ਇਹ ਵੈੱਬ ਪੰਨੇ ਖ਼ਾਸ ਕਰਕੇ ਇਹ ਦੱਸਣ ਲਈ ਬਣਾਏ ਗਏ ਹਨ ਕਿ ਸਿਹਤ ਅਤੇ ਸੁਰੱਖਿਆ ਕਾਨੂੰਨ ਵਿਦੇਸ਼ਾਂ ਚੋਂ ਆਏ ਕਾਮਿਆਂ ਦੀ ਸੁਰੱਖਿਆ ਕਿਸ ਤਰ੍ਹਾਂ ਕਰਦਾ ਹੈ। ਇਹ ਬਿਟ੍ਰਿਸ਼ ਸਿਹਤ ਅਤੇ ਸੁਰੱਖਿਆ ਕਾਨੂੰਨ ਦੇ ਅਧੀਨ ਮਾਲਕਾਂ ਅਤੇ ਕਾਮਿਆਂ ਦੇ ਕਰਤੱਵ ਅਤੇ ਜ਼ਿੰਮੇਵਾਰੀਆਂ ਲਈ ਜ਼ਰੂਰੀ ਸੇਧਾਂ ਵੀ ਪ੍ਰਦਾਨ ਕਰਦੇ ਹਨ।

ਬਿਟ੍ਰਿਸ਼ ਸਿਹਤ ਅਤੇ ਸੁਰੱਖਿਆ ਕਾਨੂੰਨ ਦੇ ਅਧੀਨ ਸਾਰੇ ਕਾਮਿਆਂ ਨੂੰ ਇੱਕੋ ਜਿਹੀ ਸੁਰੱਖਿਆ ਦਿੱਤੀ ਗਈ ਹੈ ਭਾਵੇਂ ਉਹ ਇੱਥੇ ਕੰਮ ਕਰਨ ਦੇ ਹੱਕਦਾਰ ਹਨ ਜਾਂ ਨਹੀਂ। ਇਹ ਸਾਰਿਆਂ ਤੇ ਲਾਗੂ ਹੈ ਜਿਵੇਂ ਕਿ ਮਾਲਕ, ਆਪਣਾ ਕਾਰੋਬਾਰ ਕਰਣ ਵਾਲੇ, ਨੌਕਰੀ ਦੇ ਕਾਰੋਬਾਰ (ਏਜੰਸੀਆਂ ਅਤੇ ਗੈਂਗਮਾਸਟਰਸ ਸਮੇਤ) ਅਤੇ ਮੁਲਾਜ਼ਮ ਭਾਵੇਂ ਪੂਰੇ ਦਿਨ ਕੰਮ ਕਰਦੇ ਹੋਣ, ਅੱਧਾ ਦਿਨ ਕੰਮ ਕਰਦੇ ਹੋਣ ਜਾਂ ਭਾਵੇਂ ਕੱਚੇ ਹੋਣ – ਜਿਵੇਂ ਕਿ 'ਏਜੰਸੀ' ਦੇ ਮੁਲਾਜ਼ਮ।

ਇਸ ਵੈੱਬਸਾਈਟ ਤੇ ਦਿੱਤੀ ਗਈ ਜਾਣਕਾਰੀ ਮਾਲਕ ਅਤੇ ਕਾਮਿਆਂ ਦੋਹਾਂ ਲਈ ਲਾਭਦਾਇਕ ਹੈ।

ਬ੍ਰਿਟੇਨ ਤੋਂ ਬਾਹਰੋਂ ਆਏ ਕਾਮਿਆਂ ਨੂੰ ਕੰਮਕਾਜ ਦੀ ਥਾਂ ਤੇ ਕੰਮ ਕਰਦੇ ਹੋਏ ਕੁਝ ਜੋਖ਼ਮ ਅਤੇ ਕੰਮਕਾਜ ਦਾ ਮਾਹੌਲ ਅਤੇ ਕੰਮ ਕਰਨ ਦੀ ਥਾਂ ਦੇ ਤੌਰ-ਤਰੀਕੇ ਆਪਣੇ ਮੂਲ ਦੇਸ਼ ਤੋਂ ਅਜੀਬ ਲਗਣਗੇ।

ਸਿਹਤ ਅਤੇ ਸੁਰੱਖਿਆ ਬਾਰੇ ਅਧਿਕਾਰਕ ਜਾਣਕਾਰੀ ਲਈ, ਵਿਸ਼ੇਸ਼ ਸੇਧਾਂ ਲਈ ਟੈਕਸਟ ਵਿੱਚ ਦਿੱਤੇ ਗਏ ਲਿੰਕਸ ਤੇ ਜਾਓ ਅਤੇ ਸਬੰਧਤ ਕਾਨੂਨ ਦਾ ਹਵਾਲਾ ਦਿਉ।

ਸਾਡੇ ਕਈ ਪ੍ਰਕਾਸ਼ਨ ਅੰਗਰੇਜ਼ੀ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦਿਤ ਕੀਤੇ ਗਏ ਹਨ। ਉਨ੍ਹਾਂ ਨੂੰ ਹੇਠ ਦਿੱਤੇ ਗਏ ਲਿੰਕ ਤੋਂ ਡਾਉਨਲੋਡ ਕੀਤਾ ਜਾ ਸਕਦਾ ਹੈ।

- **ਹੋਰ ਭਾਸ਼ਾਵਾਂ ਵਿੱਚ ਪ੍ਰਕਾਸ਼ਨ**

ਜਿੱਥੇ ਫ਼ੋਨ ਕਰਨ ਵਾਲਾ ਅੰਗਰੇਜ਼ੀ ਨਹੀਂ ਬੋਲ ਸਕਦਾ, HSE ਜਾਣਕਾਰੀ ਸੇਵਾ ਸਲਾਹ ਦੇਣ ਵਾਲੇ, ਫ਼ੋਨ ਕਰਨ ਵਾਲੇ, ਅਤੇ ਦੁਭਾਸ਼ੀਏਵਿਚਕਾਰ ਤਿੰਨ ਤਰਫ਼ਾ ਗੱਲਬਾਤ ਵੀ ਸਥਾਪਿਤ ਕਰਵਾ ਸਕਦੀ ਹੈ। । ਇਹ ਸੇਵਾ 100 ਤੋਂ ਵੱਧ ਭਾਸ਼ਾਵਾਂ ਵਿੱਚ ਉਪਬਲਧ ਹੈ।

## ਕਾਮਿਆਂ ਲਈ ਸਲਾਹ

- ਬ੍ਰਿਟਿਸ਼ ਸਿਹਤ ਅਤੇ ਸੁਰੱਖਿਆ ਕਾਨੂੰਨ ਹੇਠਾਂ ਸਾਰੇ ਕਾਮਿਆਂ ਨੂੰ ਇੱਕੋ ਜਿਹੀ ਸੁਰੱਖਿਆ ਮਿਲਦੀ ਹੈ ਭਾਵੇਂ ਉਹ ਕਾਨੂੰਨੀ ਤੌਰ ਤੇ ਕੰਮ ਕਰ ਰਹੇ ਹੋਣ ਜਾਂ ਗ਼ੈਰ ਕਾਨੂੰਨੀ ਤੌਰ ਤੇ।
- ਤੁਹਾਡੇ ਮਾਲਕਾਂ ਨੂੰ ਤੁਹਾਡੀ ਸਿਹਤ, ਸੁਰੱਖਿਆ ਅਤੇ ਭਲਾਈ ਦਾ ਧਿਆਨ ਰੱਖਣਾ ਚਾਹੀਦਾ ਹੈ।
- ਸਾਰਿਆਂ ਨੂੰ ਇਹ ਅਧਿਕਾਰ ਹੈ ਕਿ ਉਹ ਉਸ ਜਗ੍ਹਾ ਤੇ ਕੰਮ ਕਰਨ ਜਿੱਥੇ ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ।
- ਤੁਹਾਨੂੰ ਇਹ ਜਾਨਣ ਦਾ ਅਧਿਕਾਰ ਹੈ ਕਿ ਤੁਹਾਡੇ ਮਾਲਕ ਕੌਣ ਹਨ। ਜੇ ਤੁਹਾਨੂੰ ਨਹੀਂ ਪਤਾ ਹੈ ਤਾਂ – ਪੁੱਛੋ।
- ਕੁਝ ਅਜਿਹੀ ਚੀਜ਼ਾਂ ਹਨ ਜੋ GB ਸਿਹਤ ਅਤੇ ਹਿਫਾਜ਼ਤ ਕਾਨੂੰਨ ਦੇ ਅਧੀਨ **ਤੁਹਾਨੂੰ** ਕਰਨੇ ਪੈਣਗੇ।

### *ਤੁਹਾਡੇ ਮਾਲਕਾਂ ਲਈ ਕੀ ਕਰਨਾ ਜ਼ਰੂਰੀ ਹੈ*

#### ਆਮ ਤੌਰ ਤੇ

- ਤੁਹਾਨੂੰ, ਤੁਹਾਡੀਨੌਕਰੀ ਨਾਲ ਸਬੰਧਿਤ ਤੁਹਾਡੀ ਸਿਹਤ ਅਤੇ ਸੁਰੱਖਿਆ ਨਾਲ ਜੁੜੇ ਜੋਖ਼ਮਾਂ ਬਾਰੇ ਦੱਸੇ।

- ਪ੍ਰਮਾਣ ਪੱਤਰ ਦਿਖਾਏ ਜੋ ਕਿ ਇਹ ਦੱਸੇ ਕਿ ਉਨ੍ਹਾਂ ਕੋਲ ਐਂਪਲਾਇਰਸ ਲਾਇਐਬਿਲਿਟੀ ਕੰਪਲਸਰੀ ਇਨਸ਼ੋਰਨਸ ਹੈ।

**ਜਾਣਕਾਰੀ ਅਤੇ ਸਿੱਖਲਾਈ**

- ਤੁਹਾਨੂੰ ਹਿਫਾਜ਼ਤ ਨਾਲ ਕੰਮ ਕਰਨ ਲਈ ਜ਼ਰੂਰੀ ਜਾਣਕਾਰੀ, ਹਿਦਾਇਤਾਂ ਅਤੇ ਸਿੱਖਲਾਈ ਦੇਣੀ ਚਾਹੀਦੀ ਹੈ ਅਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਸੀਂ ਉਸਨੂੰ ਸਮਝ ਲਿਆ ਹੈ – ਇਸਦਾ ਅੰਗਰੇਜ਼ੀ ਵਿੱਚ ਹੋਣਾ ਜ਼ਰੂਰੀ ਨਹੀਂ ਹੈ।
- ਯਕੀਨੀ ਬਣਾਉ ਕਿ ਤੁਸੀਂ ਆਪਣੇ ਕੰਮ ਕਰਨ ਦੀ ਥਾਂ ਤੇ ਕਿਸੇ ਵੀ ਸੁਰੱਖਿਆ ਚਿੰਨ੍ਹਾਂ ਨੂੰ ਸਮਝ ਸਕਦੇ ਹੋ।
- ਯਕੀਨੀ ਬਣਾਉ ਕਿ ਤੁਸੀਂ ਹਮੇਸ਼ਾ ਕਿਸੇ ਤਜਰਬੇਕਾਰ ਸੁਪਰਵਾਈਜ਼ਰ ਨਾਲ ਗੱਲ ਕਰੋ ਅਤੇ ਤੁਸੀਂ ਦੋਹੇਂ ਇੱਕ ਦੂਜੇ ਨੂੰ ਸਮਝਦੇ ਹੋਵੋ।

**ਸਾਜ਼ੋ-ਸਮਾਨ ਅਤੇ ਵਸਤਰ**

- ਤੁਹਾਨੂੰ ਕੋਈ ਵੀ ਯੰਤਰ ਚਲਾਉਣ ਜਾਂ ਉਸ ਦਾ ਇਸਤੇਮਾਲ ਕਰਨ ਦੀ ਇਜਾਜ਼ਤ ਨਹੀਂ ਦੇਣ ਜਦੋਂ ਤਕ ਤੁਹਾਨੂੰ ਉਸਦੀ ਪੂਰੀ ਸਿੱਖਲਾਈ ਪ੍ਰਾਪਤ ਨਹੀਂ ਹੁੰਦੀ।
- ਇਹ ਧਿਆਨ ਰੱਖਣ ਕੀ ਜੋ ਯੰਤਰ ਤੁਸੀਂ ਇਸਤੇਮਾਲ ਕਰਦੇ ਹੋ ਉਹ ਕੰਮ ਲਈ ਢੁਕਵਾਂ ਹੋਵੇ ਅਤੇ ਉਸਦਾ ਦੇਖਰੇਖ ਉਚਿਤ ਢੰਗ ਨਾਲ ਕੀਤੀ ਜਾਵੇ।
- ਜੇ ਕਰ ਤੁਹਾਨੂੰ ਬਾਹਰ ਕੰਮ ਕਰਣਾ ਪਵੇ ਅਤੇ ਜੇ ਲੋੜ ਪਵੇ, ਤਾਂ ਤੁਹਾਨੂੰ (ਮੁਫ਼ਤ) ਹਿਫਾਜ਼ਤ ਲਈ ਜ਼ਰੂਰੀ ਸਾਜ਼ੋ ਸਮਾਨ ਜਾਂ ਵਸਤਰ ਦੇਣ ਜੋ ਕਿ ਗਰਮ ਅਤੇ/ਜਾਂ ਪਾਣੀ ਤੋਂ ਬਚਾਣ ਵਾਲੇ ਹੋਣ।

**ਤੁਹਾਡੀ ਭਲਾਈ**

- ਇਹ ਧਿਆਨ ਰੱਖਣ ਕਿ ਜ਼ਰੂਰਤਾਂ ਅਨੁਸਾਰ ਗੁਸਲਖ਼ਾਨੇ ਅਤੇ ਧੁਲਾਈ ਸਹੂਲਤਾਂ ਅਤੇ ਪੀਣ ਲਈ ਸਾਫ਼ ਪਾਣੀ ਉਪਲਬਧ ਹੋਵੇ।
- ਇਹ ਧਿਆਨ ਰੱਖਣ ਕਿ ਤੁਹਾਡੇ ਲਈ ਹੰਗਾਮੀ ਮੁੱਢਲੀ ਸਹਾਇਤਾ ਉਪਲਬਧ ਹੋਵੇ।
- ਕਿਸੇ ਵੀ ਸੱਟ, ਬੀਮਾਰੀ ਜਾਂ ਖ਼ਤਰਨਾਕ ਘਟਨਾ ਦਾ ਰਿਕਾਰਡ ਰੱਖਣ ਤੇ ਇਸ ਦੀ ਜਾਣਕਾਰੀ ਸਿਹਤ ਅਤੇ ਸੁਰੱਖਿਆ ਅਹੁਦੇਦਾਰ (HSE) ਨੂੰ ਦੇਣ।

**ਔਰਤਾਂ ਅਤੇ ਨੌਜਵਾਨ ਲੋਕ**

- ਉਨ੍ਹਾਂ ਔਰਤਾਂ ਦੇ ਹਰ ਜੋਖਮ ਦਾ ਧਿਆਨ ਰੱਖਣ ਜੋ ਕਿ ਬੱਚੇ ਨੂੰ ਜਨਮ ਦੇ ਸਕਦੀਆਂ ਹਨ ਖਾਸ ਕਰ ਕੇ ਜੇ ਉਹ ਗਰਭਵਤੀ ਜਾਂ ਦੁੱਧ ਪਿਲਾਉਣ ਵਾਲੀਆਂ ਹਨ।
- 18 ਸਾਲ ਤੋਂ ਘੱਟ ਉਮਰ ਵਾਲੇ ਕਾਮਿਆਂ ਦੀ ਜ਼ਰੂਰਤਾਂ ਦਾ ਧਿਆਨ ਰੱਖਣ।

## ਇੱਕ ਕਾਮੇ ਦੇ ਤੌਰ ਤੇ *ਤੁਹਾਡੇ* ਲਈ ਕੀ ਕਰਨਾ ਜ਼ਰੂਰੀ ਹੈ

- ਯਕੀਨੀ ਬਣਾਉ ਕਿ ਜੋ ਕੁਝ ਵੀ ਤੁਸੀਂ ਕੰਮ ਤੇ ਕਰਦੇ ਹੋ ਉਸ ਕਰਕੇ ਤੁਸੀਂ ਜਾਂ ਹੋਰ ਲੋਕਾਂ ਨੂੰ ਕੋਈ ਖ਼ਤਰਾ ਨਾ ਹੋਵੇ।
- ਕੰਮ ਕਰਨ ਦੀ ਥਾਂ ਤੇ ਸਿਹਤ ਅਤੇ ਸੁਰੱਖਿਆ ਸਬੰਧੀ ਜੋਖ਼ਮਾਂ ਨੂੰ ਘੱਟ ਕਰਨ ਲਈ ਆਪਣੇ ਮਾਲਕਾਂ ਦੀ ਮਦਦ ਕਰੋ।
- ਕਿਸੇ ਵੀ ਯੰਤਰ ਦਾ ਇਸਤੇਮਾਲ ਉਸੇ ਤਰ੍ਹਾਂ ਕਰੋ ਜਿਵੇਂ ਤੁਹਾਨੂੰ ਉਸਦੀ ਸਿੱਖਿਆ ਦਿੱਤੀ ਗਈ ਹੈ।
- ਤੁਹਾਡੀ ਸਿਹਤ ਅਤੇ ਸੁਰੱਖਿਆ ਲਈ ਦਿੱਤੇ ਸਮਾਨ ਦਾ ਪ੍ਰਯੋਗ ਚੰਗੀ ਤਰ੍ਹਾਂ ਕਰੋ।
- ਜੇ ਤੁਸੀਂ ਗਰਭਵਤੀ ਹੋ, ਬੱਚੇ ਨੂੰ ਦੁੱਧ ਪਿਲਾਉਂਦੇ ਹੋ ਜਾਂ 6 ਮਹੀਨੇ ਪਹਿਲਾਂ ਬੱਚੇ ਨੂੰ ਜਨਮ ਦਿੱਤਾ ਹੈ ਤਾਂ ਆਪਣੇ ਮਾਲਕ ਨੂੰ ਇਸ ਬਾਰੇ ਦੱਸੋ (ਲਿਖਿਤ ਵਿੱਚ)।

**ਜੇਕਰ ਤੁਸੀਂ ਆਪਣੀ ਸਿਹਤ ਅਤੇ ਸੁਰੱਖਿਆ ਲਈ ਚਿੰਤਿਤ ਹੋ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ**

- ਆਪਣੇ ਮਾਲਕ, ਪ੍ਰਬੰਧਕ ਜਾਂ ਸੁਪਰਵਾਈਜ਼ਰ ਨਾਲ ਗੱਲ ਕਰੋ।
- ਜੇਕਰ ਤੁਹਾਡਾ ਕੋਈ ਸੁਰੱਖਿਆ ਪ੍ਰਤਿਨਿਧ ਹੈ ਤਾਂ ਉਸ ਨਾਲ ਗੱਲ ਕਰੋ।

- ਫਿਰ ਵੀ ਜੇਕਰ ਤੁਹਾਨੂੰ ਲਗਦਾ ਹੈ ਕਿ ਤੁਹਾਨੂੰ ਜਾਂ ਕਿਸੇ ਹੋਰ ਕਰਮਚਾਰੀ ਨੂੰ ਕੋਈ ਖ਼ਤਰਾ ਹੈ ਤਾਂ HSE's Infoline (HSE ਜਾਣਕਾਰੀ ਸੇਵਾ) ਨੂੰ 0845 345 005 ਤੇ ਸੰਪਰਕ ਕਰੋ। ਤੁਸੀਂ ਬਿਨਾਂ ਆਪਣਾ ਨਾਂਅ ਦੱਸੇ ਅਤੇ ਗੁਪਤ ਤੌਰ ਤੇ HSE ਨਾਲ ਗੱਲ ਕਰ ਸਕਦੇ ਹੋ।

ਬ੍ਰਿਟਿਸ਼ ਕਾਨੂੰਨ ਦੇ ਅਧੀਨ ਤੁਹਾਡੇ ਹੋਰ ਵੀ ਕਈ ਮੂਲ ਅਧਿਕਾਰ ਹਨ ਜਿਵੇਂ ਕਿ ਕਿੰਨੇ ਘੰਟੇ ਕੰਮ ਕਰਨਾ ਹੈ, ਕਦੋਂ ਛੁੱਟੀ ਹੋਵੇਗੀ, ਆਰਾਮ ਕਰਨ ਵਾਸਤੇ ਛੁੱਟੀ ਅਤੇ ਤਨਖ਼ਾਹਾਂ ਵਾਲੀਆਂ ਸਾਲਾਨਾ ਛੁੱਟੀਆਂ।

- 'ਕਾਮਿਆਂ ਲਈ ਉਪਯੋਗੀ ਸੰਪਰਕ' **ਤੇ ਨਜ਼ਰ ਪਾਓ**

HSE ਵਿਦੇਸ਼ੀ ਕਾਮਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਜੇਬ ਵਿੱਚ ਰਖਣ ਵਾਸਤੇ ਕਾਰਡ ਬਨਾਣੇ ਹਨ:

**'ਵਿਦੇਸ਼ਾਂ ਚੋਂ ਆਕੇ ਯੂਕੇ ਵਿੱਚ ਕੰਮ ਕਰਦਿਆਂ ? ਖੇਤੀ ਬਾੜੀ ਅਤੇ ਫ਼ੂਡ ਪ੍ਰੋਸੈਸਿੰਗ ਵਿੱਚ ਕੰਮ ਕਰਦਿਆਂ ਤੁਹਾਡੀ ਸਿਹਤ ਅਤੇ ਸੁਰੱਖਿਆ' (INDG410) [100KB]**

ਇਹ ਯੂਕੇ ਸਿਹਤ ਅਤੇ ਹਿਫਾਜ਼ਤ ਕਾਨੂੰਨ ਦੇ ਤਹਿਤ ਤੁਹਾਡੇ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਸ਼ੁਰੂਆਤੀ ਤੇ ਜ਼ਰੂਰੀ ਜਾਣਕਾਰੀ ਦਿੰਦੇ ਹਨ -ਇਹ ਜਾਣਕਾਰੀ ਸਾਰੀਆਂ ਉਦਯੋਗਾਂ ਲਈ ਹੈ ਨਾ ਕਿ ਸਿਰਫ਼ ਖੇਤੀ ਬਾੜੀ ਅਤੇ ਫ਼ੂਡ ਪ੍ਰੋਸੈਸਿੰਗ ਲਈ। ਇਸ ਨੂੰ ਕਈ ਵੱਖ-ਵੱਖ ਭਾਸ਼ਾ ਵਿੱਚ ਅਨੁਵਾਦਿਤ ਕੀਤਾ ਗਿਆ ਹੈ।

HSE's Infoline (ਟੈਲੀਫ਼ੋਨ: 0845 345 0055) ਸਿਹਤ ਅਤੇ ਸੁਰੱਖਿਆ ਲਈ ਮਦਦ ਅਤੇ ਰਾਏ ਦੀ ਪੇਸ਼ਕਸ਼ ਕਰਦੀ ਹੈ। ਜਿੱਥੇ ਫ਼ੋਨ ਕਰਨ ਵਾਲਾ ਅੰਗਰੇਜ਼ੀ ਨਹੀਂ ਬੋਲ ਸਕਦਾ, ਇਹ ਸਲਾਹ ਦੇਣ ਵਾਲੇ, ਫ਼ੋਨ ਕਰਨ ਵਾਲੇ, ਅਤੇ ਦੁਭਾਸ਼ੀਏ ਵਿਚਕਾਰ ਤਿੰਨ ਤਰਫ਼ਾ ਗੱਲਬਾਤ ਵੀ ਸਥਾਪਿਤ ਕਰਵਾ ਸਕਦੀ ਹੈ। ਇਹ 100 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।

ਸਾਡੇ ਕਈ ਪ੍ਰਕਾਸ਼ਨ ਅੰਗਰੇਜ਼ੀ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਵਿੱਚ ਵੀ ਅਨੁਵਾਦਿਤ ਕੀਤੇ ਗਏ ਹਨ। ਉਨ੍ਹਾਂ ਨੂੰ ਹੇਠ ਦਿੱਤੇ ਗਏ ਲਿੰਕ ਤੋਂ ਡਾਉਨਲੋਡ ਕੀਤਾ ਜਾ ਸਕਦਾ ਹੈ।

- **ਹੋਰ ਭਾਸ਼ਾਵਾਂ ਵਿੱਚ ਪ੍ਰਕਾਸ਼ਨ**

# ਕਾਮਿਆਂ ਲਈ ਵਧੇਰੀ ਮਦਦ

ਜੇਕਰ ਤੁਸੀਂਰੋਜ਼ਗਾਰ ਏਜੰਸੀ ਜਾਂ ਰੋਜ਼ਗਾਰ ਕਾਰੋਬਾਰ ਜੋ ਕੀ ਕਾਮਿਆਂ ਨੂੰ ਵਿਦੇਸ਼ ਭੇਜਦੇ ਹਨ, ਬਾਰੇ ਚਿੰਤਿਤ ਹੋ (ਸਿਹਤ ਅਤੇ ਸੁਰੱਖਿਆ ਤੋਂ ਇਲਾਵਾ), ਤੁਸੀਂ ਐਂਪਲਾਈਮੈਂਟ ਏਜੰਸੀ ਸਟੈਂਡਰਡਸ ਇਨਸਪੈਕਟੋਰੇਟ ਹੈਲਪਲਾਈਨ (ਟੈਲੀਫ਼ੋਨ: 0845 9555 105) ਨੂੰ ਸੰਪਰਕ ਕਰ ਸਕਦੇ ਹੋ।

ਜੇ ਕਰ ਤੁਸੀਂ ਖੇਤੀ ਬਾੜੀ, ਖੇਤੀ ਉਤਪਾਦਾਂ ਦੀ ਪ੍ਰੋਸੈਸਿੰਗ ਜਾਂ ਘੋਂਘਾ/ਸੀਪ ਉਤਪਾਦ ਖੇਤਰ ਵਿੱਚ ਕੰਮ ਕਰ ਰਹੇ ਹੋ ਅਤੇ ਕਿਸੇ ਗੱਲ ਬਾਰੇ ਚਿੰਤਿਤ ਹੋ (ਸਿਹਤ ਅਤੇ ਸੁਰੱਖਿਆ ਸਮੇਤ) ਜਾਂ, ਤੁਸੀਂ ਸਮਝਦੇ ਹੋ ਕਿ ਤੁਹਾਡੇ ਮਾਲਕਾਂ ਦੇ ਕੋਲ Gangmasters Licensing Act 2004 (ਗੈਂਗਮਾਸਟਰਸ ਲਾਇਸੈਂਸਿੰਗ ਕਾਨੂੰਨ 2004) ਦੇ ਅਧੀਨ ਚਾਲੂ, ਪ੍ਰਮਾਣਿਕ ਲਾਇਸੈਂਸ ਨਹੀਂ ਹੈ ਤਾਂ, Gangmasters Licensing Authority (ਗੈਂਗਮਾਸਟਰਸ ਲਾਇਸੈਂਸਿੰਗ ਅਥਾਰਿਟੀ) (ਟੈਲੀਫ਼ੋਨ: 0845 602 5020) ਨੂੰ ਸੰਪਰਕ ਕਰੋ।

ਜੇ ਕਰ ਤੁਸੀਂ ਵਿਦੇਸ਼ੀ ਕਾਮਿਆਂ ਨੂੰ ਕਿਰਾਏ ਤੇ ਦਿੱਤੀ ਗਈ ਰਿਹਾਇਸ਼ ਦੇ ਮਿਆਰ ਬਾਰੇ ਚਿੰਤਿਤ ਹੋ ਤਾਂ ਆਪਣੀ ਸਥਾਨਕ ਕਾਉਂਸਲ ਦੇ ਹਾਉਸਿੰਗ ਡਿਪਾਰਟਮੈਂਟ ਨਾਲ ਸੰਪਰਕ ਕਰੋ।

ਜੇਕਰ ਤੁਸੀਂ ਕੰਮ ਕਰਨ ਦੀ ਆਗਿਆ (ਵਰਕ ਪਰਮਿਟ) ਦੇ ਦੁਰਵਰਤੋਂ ਬਾਰੇ ਰਿਪੋਰਟ ਕਰਨਾ ਚਾਹੁੰਦੇ ਹੋ, ਤਾਂ ਬਾਰਡਰ ਅਤੇ ਇਮਿਗ੍ਰੇਸ਼ਨ ਏਜੰਸੀ ਨੂੰ ਇਸ ਪਤੇ ਤੇ ਲਿਖਿਤ ਵਿੱਚ ਸੰਪਰਕ ਕਰੋ: Sheffield Intelligence Unit, Border and Immigration Agency, PO Box 3468, Sheffield S3 8WA (ਜਾਂ workabuse@homeoffice.gsi.gov.uk 'ਤੇ ਈ-ਮੇਲ ਕਰੋ)। ਇਸਤੋਂ ਇਲਾਵਾ ਤੁਸੀਂ ਯੂਨਿਟ ਨੂੰ 0114 279 3480 ਤੇ ਵੀ ਸੰਪਰਕ ਕਰ ਸਕਦੇ ਹੋ।

*ਬ੍ਰਿਟਿਸ਼ ਕਾਨੂੰਨ ਦੇ ਅਧੀਨ ਤੁਹਾਡੇ ਕੁਝ ਹੋਰ ਮੂਲ ਅਧਿਕਾਰ ਹਨ ਜਿਵੇਂ ਕਿ ਤੁਹਾਨੂੰ ਕਿੰਨੇ ਘੰਟੇ ਕੰਮ ਕਰਨਾ ਹੈ, ਕੱਦ ਛੁੱਟੀ ਹੋਵੇਗੀ, ਆਰਾਮ ਵਾਸਤੇ ਛੁੱਟੀ ਅਤੇ ਤਨਖ਼ਾਹ ਵਾਲੀਆਂ ਸਾਲਾਨਾ ਛੁੱਟੀਆਂ।*

ਤੁਹਾਡੇ ਕੰਮ ਕਰਨ ਦੇ ਨਿਯਮਾਂ ਅਤੇ ਸ਼ਰਤਾਂ ਦੀਆਂ ਜਾਣਕਾਰੀ ਵਾਸਤੇ:

- ਸਲਾਹਕਾਰ, ਸਮਝੌਤਾ ਅਤੇ ਪੰਚਾਇਤੀ ਫੈਸਲਾ ਸੇਵਾਵਾਂ (ACAS) ਰਾਸ਼ਟਰੀ ਹੈਲਪਲਾਈਨ ਨੂੰ 08457 474747 ਤੇ ਜਾਂ ਉਨ੍ਹਾਂ ਦੀ ਵੈੱਬਸਾਈਟ www.acas.org.uk ਦੀ ਵਰਤੋਂ ਕਰਦੇ ਹੋਏ ਈ-ਮੇਲ ਰਾਹੀਂ ਸੰਪਰਕ ਕਰੋ;
- ਆਪਣੇ ਸਥਾਨਕ ਨਾਗਰਿਕ ਸਲਾਹ ਕੇਂਦਰ (ਆਪਣੀ ਟੈਲੀਫ਼ੋਨ ਦੀ ਕਿਤਾਬ ਦੇਖੋ) ਨਾਲ ਸੰਪਰਕ ਕਰੋ;
- ਟਰੇਡ ਯੂਨੀਅਨ ਮੂਵਮੈਂਟ। ਆਪਣੇ ਅਧਿਕਾਰਾਂ ਦੀ ਜਾਣਕਾਰੀ ਪ੍ਰਾਪਤ ਕਰਨ ਵਾਲੀ TUC ਦੀ ਹੈਲਪਲਾਈਨ 0870 600 4882 'ਤੇ ਫੋਨ ਕਰੋ;
- ਸਵਦੇਸ਼ੀ ਘੱਟ ਤੋਂ ਘੱਟ ਤਨਖ਼ਾਹ ਦੀ ਗੁਪਤ ਹੈਲਪਲਾਈਨ ਨਾਲ 0845 6000 678 ਤੇ ਸੰਪਰਕ ਕਰੋ।

ਕਾਰੋਬਾਰ ਅਤੇ ਨਿਯੰਤ੍ਰਨ ਸੁਧਾਰ ਵਿਭਾਗ (BERR) ਨੇ ਤਨਖ਼ਾਹਾਂ ਅਤੇ ਛੁੱਟਿਆਂ ਦੇ ਹੱਕ ਵਾਸਤੇ ਹੋਰ ਵੀ ਕਈ ਸੂਚਨਾਵਾਂ 'ਯੂ.ਕੇ. ਵਿੱਚ ਕੰਮ ਕਰਦਿਆਂ: ਆਪਣੇ ਅਧਿਕਾਰਾਂ ਅਤੇ ਇਸ ਬਾਰੇ ਜਾਣੋ ਕਿ ਮਦਦ ਅਤੇ ਸਲਾਹ ਕਿੱਥੋਂ ਮਿਲੇਗੀ' 'ਤੇ ਦਿੱਤੀਆਂ ਹਨ।

**ਹੋਰ ਜਾਣਕਾਰੀ ਵਾਸਤੇ ਉਪਯੋਗੀ ਸੰਪਰਕ ਵੇਖੋ**

## ਕਾਮਿਆਂ ਲਈ ਉਪਯੋਗੀ ਸੰਪਰਕ

- **The National Association of Citizens Advice Bureaux (ਰਾਸ਼ਟਰੀਅ ਨਾਗਰਿਕ ਇਕੱਠ ਸਲਾਹ ਵਿਭਾਗ)**
  ਗ੍ਰਾਮੀਣ ਇਲਾਕਿਆਂ ਵਿੱਚ ਆਵਾਸੀ ਕਾਮਿਆਂ ਨੂੰ ਮਦਦ ਕਰਨ ਲਈ ਸਥਾਨਕ ਸ਼ਾਖਾਵਾਂ (ਜਾਂ ਬਯੂਰਿਏਕਸ) ਆਪਣੀ ਸਲਾਹ ਅਤੇ ਦਿਸ਼ਾ-ਨਿਰਦੇਸ਼ ਦੇ ਸਕਦੇ ਹਨ।

- **HSE ਦੇ ਕਾਮਿਆਂ ਲਈ ਵੈੱਬ ਪੰਨੇ)** GB ਵਿੱਚ ਇੱਕ ਕਾਮੇ ਦੇ ਤੌਰ ਤੇ ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਸਲਾਹ ਦਿੰਦੇ ਹਨ।
- **Border and Immigration Agency (ਸੀਮਾ ਅਤੇ ਪਰਵਾਸ ਏਜੰਸੀ) ਦੀਆਂ ਸਮਝੌਤੇ ਲਈ ਜ਼ਰੂਰਤਾਂ**
  ਇਹ ਵੈੱਬਸਾਈਟ ਪਰਵਾਸ ਦੇ ਤੌਰ ਤਰੀਕਿਆਂ ਅਤੇ ਤੁਹਾਡੇ ਵਲੋਂ ਅਰਜ਼ੀ ਦਿੱਤੇ ਜਾਣ ਤੇ ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਦੀ ਹੈ।
- **Department for Business Enterprise and Regulatory Reform (ਕਾਰੋਬਾਰ ਅਤੇ ਨਿਯੰਤ੍ਰਨ ਸੁਧਾਰ ਵਿਭਾਗ) (BERR)**
  ਮਾਲਕਾਂ ਤੇ ਕਾਮਿਆਂ ਵਾਸਤੇ ਨੌਕਰੀਆਂ ਦੇ ਮਸਲਿਆਂ ਤੇ, ਸਾਲਾਨਾ ਛੁੱਟੀਆਂ ਅਤੇ ਕੰਮ ਕਰਨ ਦੀ ਅਵਧੀ ਸਮੇਤ ਵਿਸਤਰਿਤ ਦਿਸ਼ਾ-ਨਿਰਦੇਸ਼ ਦਿੰਦੇ ਹਨ। BERR ਨੇ ਇਸ ਵਾਸਤੇ ਇੱਕ ਵੱਖਰਾ, ਇੱਕ ਪੰਨੇ ਦਾ ਲੀਫ਼ਲੈਟ 'ਯੂ.ਕੇ. ਵਿੱਚ ਕੰਮ ਕਰਦਿਆਂ: ਆਪਣੇ ਅਧਿਕਾਰਾਂ ਅਤੇ ਇਸ ਬਾਰੇ ਜਾਣੋ ਕਿ ਮਦਦ ਅਤੇ ਸਲਾਹ ਕਿੱਥੋਂ ਮਿਲੇਗੀ' ਬਣਾਇਆ ਹੈ ਜੋ ਇਸ ਬਾਬਤ ਬਲਗੇਰਿਅਨ, ਅੰਗਰੇਜ਼ੀ, ਲੇਤਵਿਨ, ਲਿਥੁਆਨਿਅਨ, ਪੋਲਿਸ਼, ਰੋਮਾਨਿਅਨ ਅਤੇ ਸਲੋਵਾਕਿਅਨ ਵਿੱਚ ਉਪਲਬਧ ਹੈ (ਟੈਲੀਫ਼ੋਨ: 020 7215 5000)।

- **Advisory, Conciliation and Arbitration Service (ਸਲਾਹਕਾਰ, ਸਮਝੌਤਾ ਅਤੇ ਪੰਚਾਇਤੀ ਫੈਸਲਾ ਸੇਵਾਵਾਂ) (acas)**
  ਸਵਤੰਤਰ, ਸੰਪੂਰਨ ਸਲਾਹ ਅਤੇ ਨੌਕਰੀਆਂ ਦੇ ਸੰਬੰਧ ਵਿੱਚ ਸੇਧਾਂ ਪ੍ਰਦਾਨ ਕਰਦੇ ਹਨ (ਟੈਲੀਫ਼ੋਨ: 08457 47 47 47)।
- **Gangmasters Licensing Authority (ਗੈਂਗਮਾਸਟਰ ਲਾਇਸੈਂਸਿੰਗ ਵਿਭਾਗ) (GLA)**
  **ਅਥਾਰਿਟੀ** ਦਾ ਗਠਨ ਖੇਤੀ ਬਾੜੀ, ਬਾਗਬਾਨੀ, ਘੋਂਘਾ/ਸੀਪ ਇਕੱਠਿਆ ਕਰਨ ਅਤੇ ਸੰਬੰਧਿਤ ਕਾਰਵਾਈ ਅਤੇ ਪੈਕੇਜ਼ਿੰਗ ਉਦਯੋਗਾਂ ਲਈ ਕਾਮਿਆਂ ਦੀ ਆਪਣੇ ਸਵਾਰਥ ਲਈ ਗਲਤ ਇਸਤੇਮਾਲ ਦੀ ਰੋਕਥਾਮ ਲਈ ਕੀਤਾ ਗਿਆ ਹੈ।

- **Directgov**
  **ਇਸ ਦਾ ਗਠਨ ਸਰਕਾਰੀ ਵਿਭਾਗਾਂ ਤੋਂ ਆਗਮਨ ਅਤੇ ਖ਼ਬਰਾਂ ਲਈ ਕੀਤਾ ਹੈ।**
- **Trade Union Congress (ਕਾਰੋਬਾਰ ਗਠਿਤ ਕਾਂਗ੍ਰਸ** (TUC)
  ਉਨ੍ਹਾਂ ਲੋਕਾਂ ਨੂੰ ਸੰਬੋਧਿਤ ਕਰਦੀ ਹੈ ਜੋ ਬ੍ਰਿਟੇਨ ਵਿੱਚ ਕੰਮ ਰਹੇ ਹਨ। TUC ਨੇ ਸੁਰੱਖਿਆ ਸੰਬੰਧੀ ਇੱਕ ਲੀਫ਼ਲੈਟ ਪ੍ਰਕਾਸ਼ਿਤ ਕੀਤਾ ਹੈ, 'ਤੁਹਾਡੀ ਸੇਹਤ, ਤੁਹਾਡੀ ਸਲਾਮਤੀ: ਕਾਮਿਆਂ ਵਾਸਤੇ ਇਕ ਗਾਈਡ'। ਇਹ ਕੰਮ ਕਰਦਿਆਂ ਹੋਇਆਂ ਹਿਫਾਜ਼ਤ ਤੇ ਅਧਿਕਾਰਾਂ ਬਾਰੇ ਜਾਣਕਾਰੀ ਦਿੰਦਾ ਹੈ ਜਿਸ ਨੂੰ 19 ਵੱਖਰੀਆਂ ਭਾਸ਼ਾਵਾਂ ਵਿੱਚ ਅਨੁਵਾਦਿਤ ਕੀਤਾ ਗਿਆ ਹੈ। TUC ਨੇ ਯੁਰੋਪਿਅਨ ਗਠਬੰਧਨ ਦੇ ਅੱਠ ਨਵੇਂ ਸਦੱਸ ਦੇਸ਼ਾਂ ਤੋਂ ਯੂ.ਕੇ. ਵਿੱਚ ਕੰਮ ਕਰਨ ਵਾਸਤੇ ਆਏ ਲੋਕਾਂ ਲਈ ਵੀ ਇੱਕ ਲੀਫ਼ਲੈਟ ਬਣਾਇਆ ਹੈ, 'ਯੂ.ਕੇ. ਵਿੱਚ ਕੰਮ ਕਰਦਿਆਂ ਤੁਹਾਡੇ ਅਧਿਕਾਰ' ਜੋ ਕਿ ਤੁਹਾਨੂੰ ਇੱਥੇ ਕੰਮ ਕਰਦੇ ਹੋਏ ਤੁਹਾਡੇ ਕਾਨੂੰਨੀ ਅਧਿਕਾਰਾਂ ਬਾਰੇ ਜਾਣਕਾਰੀ ਦਿੰਦਾ ਹੈ (ਟੈਲੀਫ਼ੋਨ: 0870 600 4882)।

- **Trades Union Congress (ਕਾਰੋਬਾਰ ਗਠਿਤ ਕਾਂਗ੍ਰਸ) - ਯੂ.ਕੇ. ਵਿੱਚ ਵੱਧਦੀ ਪੋਲਿਸ਼ ਲੋਕਾਂ ਦੀ ਤਾਦਾਦ ਨੂੰ ਮਦਦ ਦੇਣ ਲਈ ਪੋਲਿਸ਼ ਭਾਸ਼ਾ ਵਿੱਚ ਵੈੱਬਸਾਈਟ ਬਣਾਈ ਗਈ ਹ।**
  TUC ਵਲੋਂ ਸਥਾਨਕ ਲੋਕਾਂ ਦੀ ਸਲਾਹ ਅਤੇ ਸੋਲਿਡਾਰਨੋਸ ਦੀ ਭਾਈਵਾਲੀ ਨਾਲ ਚਲਾਈ ਗਈ ਹੈ, ਜੋ ਕਿ ਕਾਮਿਆਂ ਦੇ ਕੰਮ ਕਰਦਿਆਂ ਹੋਏ ਅਧਿਕਾਰ ਬਾਰੇ ਦੱਸਦੀ ਹੈ, ਇਸ ਵਿੱਚ ਸਿਹਤ ਅਤੇ ਸੁਰੱਖਿਆ, ਕੰਮ ਕਰਨ ਦਾ ਸਮਾਂ, ਛੁੱਟੀਆਂ ਅਤੇ ਬੀਮਾਰੀ ਲਈ ਦਿੱਤਿਆਂ ਛੁੱਟੀਆਂ ਵੀ ਸ਼ਾਮਲ ਹਨ। ਇਸ ਵਿੱਚ ਰਿਹਾਇਸ਼, ਸਿਹਤ ਅਤੇ ਸਲਾਹ ਦਿੱਤੀਆਂ ਗਈਆਂ ਹਨ ਕਿ ਯੂ.ਕੇ. ਵਿੱਚ ਕੰਮ ਕਰਕੇ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ।
- **Department for Children, Schools and Families (ਬੱਚਿਆਂ, ਸਕੂਲਾਂ ਅਤੇ ਪਰਿਵਾਰਾਂ ਬਾਰੇ ਵਿਭਾਗ) (DCSF)**
  ਇਸ ਵਿੱਚ ਮਾਲਕਾਂ ਵਾਸਤੇ ESOL (ਦੂਜਿਆਂ ਭਾਸ਼ਾਵਾਂ ਬੋਲਣ ਵਾਲਿਆ ਵਾਸਤੇ ਅੰਗਰੇਜ਼ੀ) ਲਈ ਖ਼ਰਚਣ ਵਾਲੀ ਆਰਥਿਕ ਸਹਾਇਤਾ ਦਾ ਵੇਰਵਾ ਦਿੱਤਾ ਗਿਆ ਹੈ (ਜਿੱਥੇ ਕਾਮੇ 15000 ਪੌਂਡ ਤੋਂ ਘੱਟ ਸਾਲਾਨਾ ਕਮਾਉਂਦੇ ਹਨ।
- **UK Income Tax Advice (ਯੂ.ਕੇ. ਵਿੱਚ ਕਮਾਈ ਦੇ ਟੈਕਸ ਬਾਰੇ ਸਲਾਹ)**
  ਇਸ ਵਿੱਚ ਕਈ ਭਾਸ਼ਾਵਾਂ ਵਿੱਚ ਯੂ.ਕੇ. ਦੇ ਟੈਕਸਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ
- ***Worker Registration Scheme (ਕਾਮਿਆਂ ਲਈ ਪੰਜੀਕਰਣ ਕਰਵਾਉਣ ਦੀ ਯੋਜਨਾ)***
  *1 ਮਈ 2004 ਤੋਂ ਦੂਜੇ ਨਵੇਂ ਮੈਂਬਰ ਦੇਸ਼ਾਂ (ਸਾਈਪਰਸ ਤੇ ਮਾਲਟਾ ਨੂੰ ਛੱਡ ਕੇ) ਦੇ ਨਾਗਰਿਕ ਜੋ ਕਿ ਇੱਕ ਮਹੀਨੇ ਤੋਂ ਵੱਧ ਆਪਣੇ ਮਾਲਕਾਂ ਨਾਲ ਯੂ.ਕੇ. ਵਿੱਚ ਕੰਮ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਆਪਣਾ ਨਾਂਅ ਕਾਮਿਆਂ ਲਈ ਬਣਾਈ ਗਈ ਕਾਮੇ ਰਜਿਸਟ੍ਰੇਸ਼ਨ ਯੋਜਨਾ ਦੇ ਅਧੀਨ ਲਿਖਵਾਉਣਾ ਪਵੇਗਾ।*
- **The Migrants Integrated Gateway™ (ਪਰਵਾਸੀ ਕਾਮਿਆਂ ਦਾ ਏਕੀਕਰਣ ਕਰਨ ਦਾ ਰਸਤਾ™)**
  ਇਹ ਉਨ੍ਹਾਂ ਲੋਕਾਂ ਲਈ ਇੱਕ ਦੋ ਤਰਫਾ ਜਾਣਕਾਰੀ, ਸਲਾਹ ਅਤੇ ਦਿਸ਼ਾ-ਨਿਰਦੇਸ਼ ਹੈ ਜੋ ਕਿ ਵੱਧਦੇ ਹੋਏ ਯੂ.ਕੇ. ਵਿੱਚ ਰਹਿਣਾ ਤੇ ਕੰਮ ਕਰਨਾ ਚਾਹੁੰਦੇ ਹਨ।
- **Construction Skills (ਨਿਰਮਾਣ ਯੋਗਤਾ)**
  ਪਰਵਾਸੀ ਕਾਮਿਆਂ ਵਾਸਤੇ ਇੱਕ ਕਾਰਗਰ ਤਰੀਕਾ ਹੈ। ਜੋ ਕਿ ਦੱਸਦਾ ਹੈ ਕਿ Construction Skills (ਪ੍ਰਮਾਣ ਯੋਜਨਾ) (CSCS) ਕਾਰਡ ਉਨ੍ਹਾਂ ਲਈ ਕਿਸ ਤਰ੍ਹਾਂ ਉਪਯੋਗੀ ਸਾਬਿਤ ਹੋ ਸਕਦੇ ਹਨ।
- **Working in South Lincolnshire (ਦੱਖਣੀ ਲਿਨਕੋਲਨਸ਼ਾਇਰ ਵਿੱਚ ਕੰਮ ਕਰਦਿਆਂ)**
  **ਪੂਰਵੀ ਇੰਗਲੈਂਡ ਵਿੱਚ ਪਰਵਾਸੀ ਕਾਮਿਆਂ ਲਈ ਦਿਸ਼ਾ-ਨਿਰਦੇਸ਼ ਅਤੇ ਸਲਾਹ।**
- **Cornwall Strategic Partnership's Migrant Worker Task Group (ਕਾਰਨਵਾਲ ਸਟ੍ਰੈਟੇਜਿਕ ਪਾਰਟਨਰਸ਼ਿਪਸ ਪਰਵਾਸੀ ਕਾਮਿਆਂ ਲਈ ਟਾਸਕ ਗਰੁੱਪ)**

ਇਸ ਟਾਸਕ ਗਰੁੱਪ ਦੀ ਸਥਾਪਨਾ ਪਰਵਾਸੀ ਕਾਮਿਆਂ ਤੋਂ ਸੰਬੰਧੀ ਜਾਂਚ ਪੜਤਾਲ ਅਤੇ ਅਵਸਰਾਂ ਲਈ ਇਕੱਠ ਕਰਕੇ ਕੀਤੀ ਗਈ ਹੈ।

# ਆਮ ਤੌਰ ਤੇ ਪੁੱਛੇ ਜਾਣ ਵਾਲੇ ਸਵਾਲ

- ਕੀ ਬ੍ਰਿਟੇਨ ਵਿੱਚ ਕੰਮ ਕਰਣ ਲਈ ਮੈਨੂੰ ਅੰਗਰੇਜ਼ੀ ਬੋਲਣੀ ਜਾਂ ਪੜ੍ਹਨੀ ਪਵੇਗੀ ?
- ਕੀ ਮੈਨੂੰ ਭਾਸ਼ਾ ਦੇ ਮਸਲਿਆਂ 'ਤੇ ਮਦਦ ਮਿਲ ਸਕਦੀ ਹੈ ?
- ਜੇਕਰ ਮੈਨੂੰ ਤਨਖ਼ਾਹ/ਕੰਮ ਕਰਨ ਦੇ ਘੰਟਿਆਂ/ਕੰਮ ਕਰਨ ਦੇ ਤੌਰ ਤਰੀਕਿਆਂ ਨੂੰ ਲੈਕੇ ਕੋਈ ਸਵਾਲ ਹਨ ਤਾਂ ?
- ਕੀ ਮੇਰੇ ਮਾਲਕ ਮੇਰੇ ਤੋਂ ਰਹਿਣ ਵਾਸਤੇ ਜਾਂ ਨਿੱਜੀ ਰੱਖਿਆਤਮਕ ਤਕਨੀਕ (PPE) ਵਾਸਤੇ ਪੈਸੇ ਮੰਗ ਸਕਦੇ ਹਨ ?
- ਮੈਂ HSE ਨੂੰ ਕਿਸ ਤਰ੍ਹਾਂ ਸ਼ਿਕਾਇਤ ਕਰ ਸਕਦਾ ਹਾਂ ਅਤੇ ਜੇਕਰ ਮੈਂ ਸ਼ਿਕਾਇਤ ਕਰਦਾ ਹਾਂ ਤਾਂ ਮੇਰੀ ਨੌਕਰੀ ਤੇ ਕੋਈ ਖਤਰਾ ਤਾਂ ਨਹੀਂ ਹੋਵੇਗਾ ?
- ਕੀ ਮੈਂ ਆਪਣੇ ਮਾਲਕਾਂ ਕੋਲੋਂ ਨੌਕਰੀ ਤੇ ਖ਼ਤਰਿਆਂ ਦੇ ਬਾਬਤ ਸਿਹਤ ਤੇ ਸੁਰੱਖਿਆ ਬਾਰੇ ਸਿੱਖਿਆ/ਜਾਣਕਾਰੀ ਲੈ ਸਕਦਾ ਹਾਂ।
- ਮੈਂ ਆਪਣੀ ਨੌਕਰੀ ਏਜੰਸੀ ਦਵਾਰਾ ਪ੍ਰਾਪਤ ਕੀਤੀ ਹੈ। ਕੀ ਮੇਰੀ ਸਿਹਤ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੋਵੇਗੀ ?
- ਕੀ ਮੈਂ ਬ੍ਰਿਟੇਨ ਵਿੱਚ ਕੰਮ ਕਰਦਿਆਂ ਹੋਇਆ ਉਹ ਯੋਗਤਾਵਾਂ, ਕੰਮ ਸੰਬੰਧੀ ਯੋਗਤਾਵਾਂ ਸਮੇਤਜੋ ਕਿ ਮੈਂ ਆਪਣੇ ਦੇਸ਼ ਵਿੱਚ ਪ੍ਰਾਪਤ ਕੀਤੀਆਂ ਸਨ ਉਨ੍ਹਾਂ ਨੂੰ ਇੱਥੇ ਸਥਾਨਾਂਨਤਰਿਤ ਕਰਵਾ ਸਕਦਾ ਹਾਂ ?

## ਕੀ ਬ੍ਰਿਟੇਨ ਵਿੱਚ ਕੰਮ ਕਰਣ ਲਈ ਮੈਨੂੰ ਅੰਗਰੇਜ਼ੀ ਬੋਲਣੀ ਜਾਂ ਪੜ੍ਹਨੀ ਪਵੇਗੀ ?

ਨਹੀਂ – ਪਰ ਇਹ ਸਿਹਤ ਅਤੇ ਸੁਰੱਖਿਆ ਤੋਂ ਜੁੜੇ ਹੋਏ ਆਸਾਨ ਸ਼ਬਦਾਂ ਅਤੇ ਲਾਇਨਾਂ ਜੋ ਕਿ ਸਾਡੇ ਆਲੇ ਦੁਆਲੇ ਹੋਰ ਲੋਕੀ ਇਸਤੇਮਾਲ ਕਰ ਸਕਦੇ ਹਨ ਜਿਵੇਂ ਕਿ 'ਅੱਗ!' ('Fire!') ਅਤੇ 'ਰੁੱਕੋ!' ('Stop!') ਨੂੰ ਸਮਝਣ ਵਿੱਚ ਬਹੁਤ ਉਪਯੋਗੀ ਹੋਵੇਗਾ। ਹਾਲਾਂਕਿ ਸਿਹਤ ਅਤੇ ਸੁਰੱਖਿਆ ਕਾਨੂੰਨ ਵਿੱਚ ਕਾਮਿਆਂ ਲਈ ਜ਼ਰੂਰੀ ਨਹੀਂ ਕਿ ਉਹ ਅੰਗਰੇਜ਼ੀ ਬੋਲ ਸਕਣ ਪਰ ਅੰਗਰੇਜ਼ੀ ਸਿੱਖਣ ਨਾਲ ਉਨ੍ਹਾਂ ਨੂੰ ਗੱਲਬਾਤ ਕਰਨ ਵਿੱਚ ਘੱਟ ਮੁਸ਼ਕਲਾਂ ਆਉਣਗੀਆਂ ਅਤੇ ਉਤਪਾਦਨ 'ਤੇ ਨਾਲ ਹੀ ਸਮਰਪਨ ਵੱਧਦਾ ਹੈ 'ਤੇ ਕੰਮ ਤੋਂ ਬਾਹਰ ਵੀ ਏਕੀਕਰਨ ਵੱਧਦਾ ਹੈ।

## ਕੀ ਮੈਨੂੰ ਭਾਸ਼ਾ ਦੇ ਮਸਲਿਆਂ 'ਤੇ ਮਦਦ ਮਿਲ ਸਕਦੀ ਹੈ ?

ਜੇਕਰ ਤੁਸੀਂ ਆਪਣੀ ਅੰਗਰੇਜ਼ੀ ਚੰਗੀ ਕਰਨਾ ਚਾਹੁੰਦੇ ਹੋ ਤਾਂ English for Speakers of Other Languages (ਦੂਜੀਆਂ ਭਾਸ਼ਾਵਾਂ ਬੋਲਣ ਵਾਲਿਆ ਲਈ ਅੰਗਰੇਜ਼ੀ) (ESOL) 'ਤੇ ਕੋਰਸ ਉਪਲਬਧ ਹਨ।

ਤੁਹਾਨੂੰ ਪੜ੍ਹਾਉਣ ਵਾਸਤੇ ਜ਼ਰੂਰੀ ਯੋਗਤਾ ਉਪਲਬਧ ਹੈ ਜਿਸ ਦੀ ਮਦਦ ਨਾਲ ਤੁਸੀਂ ਕੰਮ ਦੀ ਥਾਂ ਤੇ ਸਿਹਤ ਅਤੇ ਸੁਰੱਖਿਆ ਦੇ ਬਾਬਤ ਜ਼ਰੂਰੀ ਅੰਗਰੇਜ਼ੀ ਬੋਲਣੀ ਸਿਖ ਸਕਦੇ ਹੋ। ਤੁਹਾਨੂੰ ਇਸ ਕੋਰਸ ਵਾਸਤੇ ਕੁਝ ਪੈਸੇ ਦੇਣੇ ਪੈ ਸਕਦੇ ਹਨ ਪਰ ਜੇਕਰ ਤੁਸੀਂ ਅੰਗਰੇਜ਼ੀ ਬੋਲਣੀ ਤੇ ਲਿਖਣੀ ਸਿਖ ਗਏ ਤਾਂ ਤੁਹਾਡੇ ਵਾਸਤੇ ਕੰਮ ਕਰਨ ਦੀ ਥਾਂ ਅਤੇ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਤਰੱਕੀ ਦਾ ਰਾਸਤਾ ਵੱਧ ਸੁਰੱਖਿਅਤ ਅਤੇ ਸਿਹਤਮੰਦ ਹੋ ਜਾਵੇਗਾ।

- ਆਰਥਿਕ ਸਹਾਇਤਾ ਵਾਸਤੇ ਵਧੇਰੀ ਜਾਣਕਾਰੀ

[ਵਾਪਸ ਉੱਪਰ]

ਜੇਕਰ ਮੈਨੂੰ ਤਨਖ਼ਾਹ/ਕੰਮ ਕਰਨ ਦੇ ਘੰਟਿਆਂ/ਕੰਮ ਕਰਨ ਦੇ ਤੌਰ ਤਰੀਕਿਆਂ ਨੂੰ ਲੈਕੇ ਕੋਈ ਸਵਾਲ ਹਨ ਤਾਂ ?

- ਤਨਖ਼ਾਹ ਨੂੰ ਲੈਕੇ ਸਵਾਲ ਜਿਵੇਂ ਕਿ ਸਵਦੇਸ਼ੀ ਘੱਟ ਤੋਂ ਘੱਟ ਤਨਖ਼ਾਹ
- ਖੇਤੀ ਬਾੜੀ ਨੂੰ ਲੈਕੇ ਘੱਟ ਤੋਂ ਘੱਟ ਤਨਖ਼ਾਹ ਬਾਰੇ ਸਵਾਲ
- ਕੰਮ ਕਰਨ ਦੇ ਘੰਟਿਆਂ ਤੋਂ ਜੁੜੇ ਸਵਾਲ

[ਵਾਪਸ ਉੱਪਰ]

## ਕੀ ਮੇਰੇ ਮਾਲਕ ਮੇਰੇ ਤੋਂ ਰਹਿਣ ਵਾਸਤੇ ਜਾਂ ਨਿੱਜੀ ਰੱਖਿਆਤਮਕ ਤਕਨੀਕ (PPE) ਵਾਸਤੇ ਪੈਸੇ ਮੰਗ ਸਕਦੇ ਹਨ ?

ਜਦ ਤੁਸੀਂ ਕੰਮ ਕਰਨਾ ਸ਼ੁਰੂ ਕਰ ਦਿੰਦੇ ਹੋ ਤਾਂ ਕਿਸੇ ਵੀ ਤਰ੍ਹਾਂ ਦੇ ਸੁਰੱਖਿਆਤਮ ਕੱਪੜਿਆਂ ਅਤੇ ਯੰਤਰਾਂ ਦੇ ਜੋ ਕਿ ਕੰਮ ਤੇ ਤੁਹਾਡੀ ਸਿਹਤ ਦੇ ਸੁਰੱਖਿਆ ਲਈ ਜ਼ਰੂਰੀ ਹਨ ਵਾਸਤੇ ਤੁਹਾਡੇ ਮਾਲਕ ਤੁਹਾਡੇ ਕੋਲੋਂ ਕੋਈ ਪੈਸੇ ਜਾਂ ਵਾਪਸੀ ਕਰਨ ਯੋਗ ਕੋਈ

ਜਮ੍ਹਾਂ ਰਕਮ ਨਹੀਂ ਮੰਗ ਸਕਦੇ ਹਨ। ਤੁਹਾਡੀ ਰਿਹਾਇਸ਼ ਲਈ ਬਹੁਤ ਹੀ ਘੱਟ ਚਾਰਜ ਹਨ ਜੋ ਕਿ ਸਵਦੇਸ਼ੀ ਅਤੇ ਖੇਤੀ ਬਾੜੀ ਘੱਟ ਤੋਂ ਘੱਟ ਤਨਖ਼ਾਹ ਦੇ ਤਹਿਤ ਹਨ।

- **PPE ਬਾਬਤ ਜਾਣਕਾਰੀ**

[ਵਾਪਸ ਉੱਪਰ]

## ਮੈਂ HSE ਨੂੰ ਕਿਸ ਤਰ੍ਹਾਂ ਸ਼ਿਕਾਇਤ ਕਰ ਸਕਦਾ ਹਾਂ ਅਤੇ ਜੇਕਰ ਮੈਂ ਸ਼ਿਕਾਇਤ ਕਰਦਾ ਹਾਂ ਤਾਂ ਮੇਰੀ ਨੌਕਰੀ ਤੇ ਕੋਈ ਖਤਰਾ ਤਾਂ ਨਹੀਂ ਹੋਵੇਗਾ ?

- **HSE ਨੂੰ ਸੰਪਰਕ ਕਰੋ**

ਜਦੋਂ HSE ਕਿਸੇ ਵੀ ਸ਼ਿਕਾਇਤ ਦੀ ਤਫ਼ਤੀਸ਼ ਕਰਦਾ ਹੈ ਤਾਂ ਉਹ ਸ਼ਿਕਾਇਤ ਕਰਣ ਵਾਲੇ ਦੇ ਬਾਰੇ ਵਿੱਚ ਕੁਝ ਵੀ ਨਹੀਂ ਦੱਸਦਾ ਹੈ। ਉਹ ਸ਼ਿਕਾਇਤ ਕਰਨ ਵਾਲੇ ਦੀ ਆਗਿਆ ਤੋਂ ਬਿਨਾਂ ਮਾਲਕਾਂ ਨੂੰ ਇਹ ਨਹੀਂ ਦੱਸਦੇ ਹਨ ਕਿ ਉਨ੍ਹਾਂ ਦੇ ਬਾਰੇ ਕੋਈ ਸ਼ਿਕਾਇਤ ਆਈ ਹੈ।

[ਵਾਪਸ ਉੱਪਰ]

## ਕੀ ਮੈਂ ਆਪਣੇ ਮਾਲਕਾਂ ਕੋਲੋਂ ਨੌਕਰੀ ਤੇ ਖ਼ਤਰਿਆਂ ਦੇ ਬਾਬਤ ਸਿਹਤ ਤੇ ਸੁਰੱਖਿਆ ਬਾਰੇ ਸਿੱਖਿਆ/ਜਾਣਕਾਰੀ ਲੈ ਸਕਦਾ ਹਾਂ।

ਹਾਂ – ਇਹ ਤੁਹਾਡੇ ਮਾਲਕ ਦਾ ਫਰਜ਼ ਹੈ ਕਿ ਉਹ ਤੁਹਾਡੀ ਸਿਹਤ ਤੇ ਸੁਰੱਖਿਆ ਬਾਬਤ ਖ਼ਤਰਿਆਂ ਬਾਰੇ ਪਤਾ ਲਾਣ ਅਤੇ ਤੁਹਾਨੂੰ ਇਨ੍ਹਾਂ ਬਾਰੇ ਆਗਾਹ ਕਰਨ। ਨਾਲ ਹੀ ਤੁਹਾਡੇ ਮਾਲਕ ਤੁਹਾਨੂੰ ਉਹ ਜ਼ਰੂਰੀ ਜਾਣਕਾਰੀ, ਹਿਦਾਇਤਾਂ ਅਤੇ ਸਿਖਿਆ ਉਪਲਬਧ ਕਰਾਉਣ ਜੋ ਕਿ ਤੁਹਾਨੂੰ ਹਿਫਾਜ਼ਤ ਨਾਲ ਤੇ ਬਿਨਾਂ ਤੁਹਾਡੀ ਸਿਹਤ ਤੇ ਕੋਈ ਜੋਖਮ ਲਏ ਕੰਮ ਕਰਨ ਲਈ ਧਿਆਨ ਵਿੱਚ ਰੱਖਣਿਆਂ ਹਨ।

[ਵਾਪਸ ਉੱਪਰ]

## ਮੈਂ ਆਪਣੀ ਨੌਕਰੀ ਏਜੰਸੀ ਦਵਾਰਾ ਪ੍ਰਾਪਤ ਕੀਤੀ ਹੈ। ਕੀ ਮੇਰੀ ਸਿਹਤ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੋਵੇਗੀ ?

ਤੁਹਾਡੀ ਸਿਹਤ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ ਦੋਨਾਂ ਏਜੰਸੀ ਤੇ ਕਾਮਿਆਂ ਦਾ ਇਸਤੇਮਾਲ ਕਰਣ ਵਾਲਾ, ਜਿਸ ਕੋਲ ਤੁਸੀਂ ਨੌਕਰੀ ਕਰ ਰਹੇ ਹੋ ਵਿੱਚ ਵੰਡ ਜਾਵੇਗੀ। ਕਈ ਥਾਂਵਾਂ ਵਿੱਚ ਜ਼ਿਆਦਾ ਜ਼ਿੰਮੇਵਾਰੀ ਕਾਮਿਆਂ ਤੋਂ ਕੰਮ ਲੈਣ ਵਾਲੇ ਦੀ ਹੁੰਦੀ ਹੈ ਬਨਿਸਪਤ ਕੇ ਏਜੰਸੀ ਦੇ – ਖ਼ਾਸ ਕਰਕੇ ਜਿੱਥੇ ਕਾਮਿਆਂ ਤੋਂ ਕੰਮ ਲੈਣ ਵਾਲਾ ਸਿੱਧਾ ਤੌਰ ਤੇ ਤੁਹਾਡੇ ਕੰਮ ਤੇ ਆਪਣਾ ਹੱਕ ਜਮਾਂਦਾ ਹੈ। ਤੁਹਾਡੀ ਸਿਹਤ ਅਤੇ ਸੁਰੱਖਿਆ ਲਈ ਏਜੰਸੀ ਅਤੇ ਕਾਮਿਆਂ ਤੋਂ ਕੰਮ ਲੈਣ ਵਾਲਿਆਂ ਵਿੱਚ ਲਿਖਿਤ ਸਮਝੌਤਾ ਹੋਣਾ ਚਾਹੀਦਾ ਹੈ ਜੋ ਜਿਸ ਵਿੱਚ ਉਹ ਆਪਣੀਆਂ ਆਪਣੀਆਂ ਜ਼ਿੰਮੇਵਾਰੀਆਂ ਦਾ ਵੇਰਵਾ ਦੇਣ।

## ਕੀ ਮੈਂ ਬ੍ਰਿਟੇਨ ਵਿੱਚ ਕੰਮ ਕਰਦਿਆਂ ਹੋਇਆ ਉਹ ਯੋਗਤਾਵਾਂ, ਕੰਮ ਸੰਬੰਧੀ ਯੋਗਤਾਵਾਂ ਸਮੇਤਜੋ ਕਿ ਮੈਂ ਆਪਣੇ ਦੇਸ਼ ਵਿੱਚ ਪ੍ਰਾਪਤ ਕੀਤੀਆਂ ਸਨ ਉਨ੍ਹਾਂ ਨੂੰ ਇੱਥੇ ਸਥਾਨਾਂਤਰਿਤ ਕਰਵਾ ਸਕਦਾ ਹਾਂ ?

ਆਮ ਤੌਰ ਤੇ, ਬ੍ਰਿਟਿਸ਼ ਸਿਹਤ ਅਤੇ ਸੁਰੱਖਿਆ ਕਾਨੂੰਨ ਕਿਸੇ ਵੀ ਵਿਦੇਸ਼ੀ ਯੋਗਤਾ ਜਾਂ ਪ੍ਰਤਿਯੋਗਿਤਾ ਇਮਤਿਹਾਨਾਂ ਨੂੰ ਨਹੀਂ ਮੰਨਦਾ। ਪਰ ਕਿਉਂਕਿ ਤੁਹਾਡੇ ਮਾਲਕਾਂ ਦਾ ਇਹ ਕਾਨੂੰਨੀ ਫਰਜ਼ ਬਣਦਾ ਹੈ ਕਿ ਉਹ ਨਿਸ਼ਚਿਤ ਕਰ ਲੈਣ ਕਿ ਜੋ ਕੰਮ ਤੁਸੀਂ ਕਰ ਰਹੇ ਹੋ, ਤੁਸੀਂ ਉਸਦੇ ਲਾਇਕ ਹੋ, ਤੁਹਾਨੂੰ ਹੋ ਸਕਦਾ ਹੈ ਕਿ ਇੱਕ ਇਮਤਿਹਾਨ ਪਾਸ ਕਰਨਾ ਪਵੇ 'ਤੇ ਨਾਲ ਹੀ ਸਿੱਖਿਆ ਲੈਣੀ ਪਵੇ ਖ਼ਾਸ ਤੌਰ ਤੇ ਜਦੋਂ ਤੁਸੀਂ ਉਹ ਕੰਮ ਕਰ ਰਹੇ ਹੋ ਜਿਸ ਵਾਸਤੇ ਤੁਹਾਨੂੰ ਕਿਸੇ ਖ਼ਾਸ ਸਿੱਖਿਆ ਦੀ ਲੋੜ ਪਵੇ (ਜਿਵੇਂ ਕਿ ਟਰਕ ਚਲਾਣਾ ਜਾਂ ਜੰਜ਼ੀਰ ਖਿੱਚਣਾ)।

ਕੰਨਸਟਰਕਸ਼ਨ ਉਦਯੋਗ ਵਿੱਚ ਕੰਨਸਟਰਕਸ਼ਨ ਯੋਗਤਾ ਪ੍ਰਮਾਨ ਯੋਜਨਾ (CSCS) ਕਾਰਡ ਕਿਸੇ ਕਾਮੇ ਦੀ ਯੋਗਤਾ ਲਈ ਅਧਿਕਾਰਕ ਪ੍ਰਮਾਣ ਮੰਨਿਆ ਜਾਂਦਾ ਹੈ। Construction Skills (ਕੰਨਸਟਰਕਸ਼ਨ ਯੋਗਤਾ) ਉਹ ਸੰਸਥਾਹੈ ਜੋ ਇਸ ਉਦਯੋਗ ਵਿੱਚ ਵਿਦੇਸ਼ੀ ਕਾਮਿਆਂ ਦੀ ਯੋਗਤਾ ਅਤੇ ਸਿੱਖਿਆ ਦੇ ਲਈ ਜ਼ਿੰਮੇਵਾਰ ਹੈ।

[ਵਾਪਸ ਉੱਪਰ]